Vigilance Bureau Punjab

**Vigilance registers case against Secretary Cooperative Society for embezzlement**

Chandigarh, November 1 : State Vigilance Bureau today registered a fraud case against Secretary Cooperative Society Shyam Sunder for duping two farmers.

Disclosing this here today a spokesman of Vigilance Bureau Punjab said an embezzlement case has been registered against Shyam Sunder, Secretary of Cooperative society posted at Gandiwand Patal Village, in Taran Taran district for cheating society members Bara Singh and Swaran Singh in two different cases.

Giving details he said complainant Bara Singh has alleged that Shyam Sunder has duped him for not depositing his crop loan amount of Rs. 93,860/- which he had already paid to the society to clear the dues standing against his loan taken in 2010.

Similarly, Shyam Sunder has duped another farmer Swaran Singh for not depositing his crop loan amount of Rs. 73,000/- which he had handed over to the secretary to clear his dues standing against his loan borrowed in 2014.

The spot informed that in this case the Vigilance Bureau has registered a case against the accused secretary at VB police station Amritsar and further investigation is under progress.

----------

ਵਿਜੀਲੈਂਸ ਬਿਓਰੋ ਪੰਜਾਬ

## ਸਹਿਕਾਰੀ ਸਭਾ 'ਚ ਹੋਏ ਘਪਲੇ ਦੇ ਦੋਸ਼ ਹੇਠ ਸਕੱਤਰ ਖਿਲਾਫ ਪਰਚਾ ਦਰਜ਼

ਚੰਡੀਗੜ 1 ਨਵੰਬਰ : ਪੰਜਾਬ ਵਿਜੀਲੈਂਸ ਬਿਓਰੋ ਵੱਲੋਂ ਸਹਿਕਾਰੀ ਸਭਾ ਗੰਡੀਵਿੰਡ ਧੱਤਲ, ਤਹਿਸੀਲ ਪੱਟੀ, ਜਿਲ੍ਹਾ ਤਰਨਤਾਰਨ ਵਿਖੇ ਤਾਇਨਾਤ ਸਕੱਤਰ ਸ਼ਾਮ ਸੁੰਦਰ ਵਲੋਂ ਖਾਤੇਦਾਰਾਂ ਤੋਂ ਕੀਤੀ ਕਰਜਾ ਵਸੂਲੀ ਵਿਚ ਗਬਨ ਕਰਨ ਦੇ ਦੋਸ਼ ਹੇਠ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਏ ਵਿਜੀਲੈਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਬਾਰਾ ਸਿੰਘ ਵਾਸੀ ਪਿੰਡ ਗੰਡੀਵਿੰਡ ਧੱਤਲ ਕਰੀਬ 35 ਸਾਲ ਤੋਂ ਸਹਿਕਾਰੀ ਸਭਾ ਦਾ ਮੈਬਰ ਸੀ ਅਤੇ ਇਸ ਸੋਸਾਇਟੀ ਤੋ ਖਾਦ, ਦਵਾਈਆ ਅਤੇ ਹੋਰ ਬੀਜ ਆਦਿ ਕਰਜੇ ਤੇ ਲੈਂਦਾ ਰਿਹਾ ਅਤੇ ਹਰ ਛਿਮਾਹੀ ਮੌਕੇ ਫਸਲੀ ਕਰਜੇ ਦੀ ਰਕਮ ਉਤਾਰ ਕੇ ਆਪਣਾ ਖਾਤਾ ਕਲੀਅਰ ਕਰਦਾ ਰਿਹਾ। ਇਸ ਨੇ ਮਿਤੀ 07-12-2010 ਨੂੰ ਕਰਜੇ ਦੀ ਰਕਮ 93,860/ ਰੁਪਏ ਸ਼ਾਮ ਸੁੰਦਰ ਸੈਕਟਰੀ ਨੂੰ ਨਗਦ ਦੇ ਕੇ ਆਪਣੇ ਖਾਤੇ ਨੂੰ ਨਿਲ ਕਰਵਾ ਕੇ ਉਸ ਦੇ ਦਸਤਖਤ ਕਰਵਾ ਲਏ ਸਨ। ਪਰੰਤੂ ਸਾਮ ਸੁੰਦਰ ਸੈਕਟਰੀ ਨੇ ਬਾਰਾ ਸਿੰਘ ਦੀ ਇਹ ਰਕਮ 93,860/ਰੁਪਏ ਬੈਂਕ ਵਿੱਚ ਜਮ੍ਹਾ ਨਹੀ ਕਰਵਾਈ ਅਤੇ ਬਾਰਾ ਸਿੰਘ ਨਾਲ ਧੋਖਾ ਕੀਤਾ।

ਇਸੇ ਤਰ੍ਹਾਂ ਇਕ ਹੋਰ ਗਬਨ ਦੇ ਕੇਸ ਵਿਚ ਸਵਰਨ ਸਿੰਘ ਵਾਸੀ ਪਿੰਡ ਗੰਡੀਵਿੰਡ ਧੱਤਲ ਨੇ ਵੀ ਸੁਸਾਇਟੀ ਦਾ ਮੈਬਰ ਹੋਣ ਕਰਕੇ ਖਾਦ, ਬੀਜ, ਦਵਾਈਆਂ ਆਦਿ ਫਸਲੀ ਕਰਜੇ ਉਪਰ ਲੈਂਦਾ ਰਿਹਾ। ਸਾਲ 2014 ਵਿੱਚ ਇਸ ਨੇ ਆਪਣੇ ਖਾਤੇ ਦਾ ਕਰਜਾ ਰਕਮ ਕਰੀਬ 73,000/ਰੁਪਏ ਸ਼ਾਮ ਸੁੰਦਰ ਸੈਕਟਰੀ ਨੂੰ ਵਾਪਸ ਕਰ ਦਿੱਤੇ ਪ੍ਰੰਤੂ ਉਕਤ ਸਕੱਤਰ ਨੇ ਸਵਰਨ ਸਿੰਘ ਦੇ ਖਾਤੇ ਵਿੱਚ 73,000/ਰੁਪਏ ਬੈਂਕ ਵਿਚ ਜਮ੍ਹਾ ਨਾ ਕਰਵਾ ਕੇ ਇਸ ਨਾਲ ਧੋਖਾ ਕੀਤਾ।

ਬੁਲਾਰੇ ਨੇ ਦੱਸਿਆ ਕਿ ਇਸ ਘਪਲੇਬਾਜੀ ਵਿਚ ਸ਼ਾਮਲ ਉਕਤ ਸਕੱਤਰ ਖਿਲਾਫ਼ ਵਿਜੀਲੈਂਸ ਬਿਉਰੋ ਦੇ ਅੰਮ੍ਰਿਤਸਰ ਥਾਣੇ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

-------